# ਦਫਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ

(ਕੰਪਲੈਕਸ ਪੰਜਾਬ ਸਕੂਲ ਐਜੂਕੇਸ਼ਨ ਬੋਰਡ, ਫੇਜ਼-8, ਈ-ਬਲਾਕ, ਐਸ.ਏ.ਐਸ ਨਗਰ)

**ਅਮਲਾ-2 ਸ਼ਾਖਾ**

email id- adsadpi@punjabeducation.gov.in

ਹੁਕਮ ਨੰ: 3609813/(ੲ-1)/

ਮਿਤੀ, ਐਸ.ਏ.ਐਸ ਨਗਰ:- 03.02.2025

1.0 ਸਿੱਖਿਆ ਵਿਭਾਗ ਵੱਲੋਂ ਮਿਤੀ 16.12.2021/ 08.01.2022 ਨੂੰ ਇਸ਼ਤਿਹਾਰ ਜਾਰੀ ਕਰਦੇ ਹੋਏ ਮਾਸਟਰ ਕਾਡਰ ਦੇ ਵੱਖ-ਵੱਖ ਵਿਸ਼ਿਆਂ ਦੀਆਂ 4161 ਅਤੇ 598 ਬੈਕਲਾਗ ਅਸਾਮੀਆਂ ਭਰਨ ਸਬੰਧੀ ਇਸ਼ਤਿਹਾਰ ਜਾਰੀ ਕੀਤਾ ਗਿਆ ਸੀ। ਇਸ ਉਪਰੰਤ ਸਿੱਖਿਆ ਭਰਤੀ ਡਾਇਰੈਕਟੋਰੇਟ ਵੱਲੋਂ ਪ੍ਰਾਪਤ ਹੋਈ ਸਿਲੈਕਸ਼ਨ ਸੂਚੀ ਦੇ ਅਧਾਰ ਤੇ ਚੁਣੇ ਗਏ ਉਮੀਦਵਾਰਾਂ ਦੇ ਨਿਯੁੱਕਤੀ ਪੱਤਰ ਆਨਲਾਈਨ ਉਨ੍ਹਾਂ ਦੀ Login ID ਵਿੱਚ ਮਿਤੀ 08.05.2023 ਨੂੰ ਅਪਲੋਡ ਕਰਦੇ ਹੋਏ ਪਬਲਿਕ ਨੋਟਿਸ ਰਾਹੀਂ ਸੂਚਿਤ ਕਰ ਦਿੱਤਾ ਗਿਆ ਸੀ। ਇਸਦੇ ਨਾਲ ਹੀ ਉਮੀਦਵਾਰਾਂ ਨੂੰ ਆਪਣੇ ਰਿਹਾਇਸ਼ੀ ਪਤੇ ਦੇ ਜਿਲ੍ਹੇ ਅਧੀਨ ਆਉਂਦੀ DIET (ਜਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾ) ਵਿਖੇ ਮਿਤੀ 09.05.2023 ਨੂੰ ਹਾਜਰ/ ਜੁਆਇਨਿੰਗ ਦੇਣ ਸਬੰਧੀ ਲਿਖਿਆ ਗਿਆ ਸੀ। ਇਸ ਉਪਰੰਤ ਵਿਭਾਗ ਵੱਲੋਂ ਪਬਲਿਕ ਨੋਟਿਸ ਮਿਤੀ 09.05.2023 ਰਾਹੀਂ ਹਾਜਰ ਹੋਣ ਦੇ ਸਮੇਂ ਵਿੱਚ ਮਿਤੀ 11.05.2023 ਤੱਕ ਦਾ ਵਾਧਾ ਕਰ ਦਿੱਤਾ ਗਿਆ ਸੀ।

2.0 ਇਸ ਉਪਰੰਤ ਵਿਭਾਗ ਵੱਲੋਂ ਡਾਈਟਾਂ (ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ) ਵਿੱਚ ਹਾਜਰ ਹੋਏ ਨਵ-ਨਿਯੁੱਕਤ ਕਰਮਚਾਰੀਆਂ ਦੀ ਮਿਤੀ 15.05.2023 ਤੋਂ 31.05.2023 ਤੱਕ Induction Training ਲਗਾਈ ਗਈ ਸੀ। Induction Training ਉਪਰੰਤ ਵੱਖ-ਵੱਖ ਵਿਸ਼ਿਆਂ ਦੇ ਉਮੀਦਵਾਰਾਂ ਨੂੰ ਹੇਠ ਦਰਸਾਈਆਂ ਮਿਤੀਆਂ ਨੂੰ ਸਟੇਸ਼ਨ ਚੋਣ ਕਰਵਾਉਣ ਉਪਰੰਤ ਪੋਸਟਿੰਗ ਆਡਰ ਜਾਰੀ ਕੀਤੇ ਗਏ ਸਨ:-

| ਲੜੀ ਨੰ. | ਵਿਸ਼ਾ | ਸਟੇਸ਼ਨ ਚੋਣ ਕਰਵਾਉਣ ਦੀ ਮਿਤੀ |
|---|---|---|
| 1 | ਪੰਜਾਬੀ | 29.06.2023 ਤੋਂ 30.06.2023 ਤੱਕ |
| 2 | ਅੰਗਰੇਜੀ | 28.06.2023 ਤੋਂ 30.06.2023 ਤੱਕ |
| 3 | ਸਾਇੰਸ | 16.08.2023 ਤੋਂ 17.08.2023 ਤੱਕ |
| 4 | ਗਣਿਤ | 01.08.2023 ਤੋਂ 02.08.2023 ਤੱਕ |
| 5 | ਸਮਾਜਿਕ ਸਿੱਖਿਆ | 28.06.2023 ਤੋਂ 29.06.2023 ਤੱਕ |
| 6 | ਹਿੰਦੀ | 28.06.2023 |

3.0 ਇਸ ਉਪਰੰਤ ਪ੍ਰਬੰਧਕੀ ਵਿਭਾਗ ਦੀ ਪ੍ਰਵਾਨਗੀ ਉਪਰੰਤ ਇਸ ਦਫਤਰ ਵੱਲੋਂ ਸਰਕੂਲਰ ਮਿਤੀ 06.09.2023 ਰਾਹੀਂ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਪੰਜਾਬ ਨੂੰ ਨਵ-ਨਿਯੁੱਕਤ ਕਰਮਚਾਰੀਆਂ ਦੀ ਹਾਜਰੀ ਸਬੰਧੀ ਸਪੱਸ਼ਟੀਕਰਨ ਜਾਰੀ ਕੀਤਾ ਗਿਆ ਸੀ, ਜਿਸ ਅਨੁਸਾਰ 4161 ਮਾਸਟਰ ਕਾਡਰ ਅਤੇ 598 ਬੈਕਲਾਗ ਭਰਤੀ ਅਧੀਨ ਹਾਜਰ ਹੋਏ ਵੱਖ-ਵੱਖ ਵਿਸ਼ਿਆਂ ਦੇ ਨਵ-ਨਿਯੁੱਕਤ ਕਰਮਚਾਰੀਆਂ ਨੂੰ ਇਸ ਦਫਤਰ ਵੱਲੋਂ ਜਾਰੀ ਪਬਲਿਕ ਨੋਟਿਸ ਮਿਤੀ 08.05.2023 ਅਤੇ 09.05.2023 ਦੇ ਸਨਮੁੱਖ ਸਬੰਧਤ ਡਾਈਟਾਂ ਵਿੱਚ ਹਾਜਰ ਹੋ ਕੇ ਪ੍ਰਿੰਸੀਪਲ/ ਡਾਈਟ ਮੁੱਖੀਆਂ ਨੂੰ ਦਿੱਤੀਆਂ ਗਈਆਂ ਹਾਜਰੀਆਂ ਨੂੰ ਹੀ ਵਿਭਾਗ ਵਿੱਚ ਹਾਜਰੀ ਦੀ ਮਿਤੀ ਮੰਨਿਆ ਜਾਵੇਗਾ। ਉਕਤ ਤੋਂ ਇਲਾਵਾ ਜਿਹੜੇ ਨਵ-ਨਿਯੁੱਕਤ ਕਰਮਚਾਰੀਆਂ ਵੱਲੋਂ ਟਰੇਨਿੰਗ ਨਹੀਂ ਲਗਾਈ ਗਈ ਭਾਵ ਡਾਈਟ ਵਿਖੇ ਹਾਜਰੀ ਨਹੀਂ ਦਿੱਤੀ ਗਈ, ਉਨ੍ਹਾਂ ਦੀ ਹਾਜਰੀ ਸਕੂਲ ਵਿੱਚ ਹਾਜਰ ਹੋਣ ਦੀ ਮਿਤੀ ਤੋਂ ਮੰਨੀ ਜਾਵੇਗੀ।

4.0 ਇਸ ਉਪਰੰਤ ਕੁੱਝ ਕਰਮਚਾਰੀਆਂ ਵੱਲੋਂ ਵਿਭਾਗ ਦੇ ਸਪੱਸ਼ਟੀਕਰਨ ਮਿਤੀ 06.09.2023 ਅਨੁਸਾਰ ਡਾਈਟਾਂ ਵਿੱਚ ਹਾਜਰੀ ਦੀ ਮਿਤੀ ਤੋਂ ਤਨਖਾਹ ਨਾ ਮਿਲਣ ਕਾਰਨ ਮਾਨਯੋਗ ਹਾਈਕੋਰਟ ਵਿਖੇ ਸਿ.ਰਿ.ਪ 19715 ਆਫ 2024- ਸੰਦੀਪ ਕੌਰ ਬਨਾਮ ਪੰਜਾਬ ਸਰਕਾਰ ਤੇ ਹੋਰ ਦਾਇਰ ਕੀਤੀ ਗਈ ਸੀ। ਮਾਨਯੋਗ ਹਾਈਕੋਰਟ ਵੱਲੋਂ ਮਿਤੀ 14.08.2024 ਨੂੰ ਇਹ ਕੇਸ ਡਿਸਪੋਜ ਆਫ ਕਰਦੇ ਹੋਏ ਹੇਠ ਅਨੁਸਾਰ ਅੰਤਰਿਮ ਹੁਕਮ ਪਾਸ ਕੀਤੇ ਗਏ ਸਨ:-

*'Learned State counsel submits that through the present writ petition has been filed but no such grievance has been raised before the department concerned and in case, any such representation is received from the petitioners seeking salary for any period working in DIET schools, the same shall be looked into by passing as appropriate speaking order on the same would be passed by respondents within a period of 8 weeks of the receipt of copy of this order. Learned State counsel further submits that in case, it is found feasible to accept the claim of the petitioners, the same will be accepted, otherwise due reasons will be mentioned for not accepting the claim of the petitioners in the speaking order to be passed, which will be conveyed to them.*

*Learned counsel for the petitioners submits that keeping in view the statement of the learned State counsel, present set of petitions may kindly be disposed of as having been not passed any further with liberty as prayed for.*

*Orders accordingly.*
*Pending applications, if any, also stand disposed of.'*

**5.0** ਮਾਨਯੋਗ ਹਾਈਕੋਰਟ ਵੱਲੋਂ ਕੀਤੇ ਹੁਕਮਾਂ ਦੀ ਪਾਲਣਾ ਹਿਤ ਅਤੇ ਇਸ ਦਫਤਰ ਵੱਲੋਂ ਜਾਰੀ ਸਰਕੂਲਰ ਮਿਤੀ 06.09.2023 ਦੀ ਲਗਾਤਾਰਤਾ ਵਿੱਚ ਸਪੱਸ਼ਟ ਕੀਤਾ ਜਾਂਦਾ ਹੈ ਕਿ 4161 ਮਾਸਟਰ ਕਾਡਰ ਅਤੇ 598 ਬੈਕਲਾਗ ਮਾਸਟਰ ਕਾਡਰ ਅਸਾਮੀਆਂ ਅਧੀਨ ਵਿਭਾਗ ਵੱਲੋਂ ਜਾਰੀ ਪਬਲਿਕ ਨੋਟਿਸ ਮਿਤੀ 08.05.2023 ਅਤੇ 09.05.2023 ਅਨੁਸਾਰ ਮਿਤੀ 15.05.2023 ਤੋਂ 31.05.2023 ਤੱਕ ਡਾਈਟਾਂ ਵਿੱਚ ਲਗਾਈ ਗਈ ਟ੍ਰੇਨਿੰਗ ਦੇ ਸਨਮੁੱਖ ਸਬੰਧਤ ਡਾਈਟ ਵਿੱਚ ਹਾਜਰ ਹੋ ਕੇ ਦਿੱਤੀ ਗਈ ਹਾਜਰੀ ਤੋਂ ਹੀ ਇੰਨ੍ਹਾਂ ਕਰਮਚਾਰੀਆਂ ਨੂੰ ਤਨਖਾਹ ਦੀ ਅਦਾਇਗੀ ਕੀਤੀ ਜਾਵੇ।

ਇਹ ਹੁਕਮ ਪ੍ਰਬੰਧਕੀ ਵਿਭਾਗ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

**ਪਰਮਜੀਤ ਸਿੰਘ, ਪੀ.ਸੀ.ਐਸ**
**ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ)**
**ਪੰਜਾਬ**

ਪਿੱਠ ਅੰਕਣ ਨੰ: ਉਕਤ/202533361 ਮਿਤੀ, ਐਸ.ਏ.ਐਸ ਨਗਰ: 04-02-2025

ਉਪਰੋਕਤ ਦਾ ਉਤਾਰਾ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਪੰਜਾਬ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ 4161 ਮਾਸਟਰ ਕਾਡਰ ਅਤੇ 598 ਬੈਕਲਾਗ ਮਾਸਟਰ ਭਰਤੀ ਅਧੀਨ ਆਪਣੇ ਜਿਲ੍ਹੇ ਵਿੱਚ ਹਾਜਰ ਹੋਏ ਕਰਮਚਾਰੀਆਂ ਦੀ ਤਨਖਾਹ ਦੀ ਅਦਾਇਗੀ ਉਕਤ ਹੁਕਮਾਂ ਅਨੁਸਾਰ ਕਰਵਾਉਣ ਸਬੰਧੀ ਸਬੰਧਤ ਸਕੂਲ ਮੁੱਖੀਆਂ ਨੂੰ ਪਾਬੰਦ ਕੀਤਾ ਜਾਵੇ

04/02/2025

**ਸਹਾਇਕ ਡਾਇਰੈਕਟਰ (ਸ.ਪ੍ਰ.2)**